



ਪੰਜਾਬ ਖਾਦੀ ਅਤੇ ਗਰਾਮੀਨ ਉਦਯੋਗ ਵਿਭਾਗ

ਖਾਦੀ ਅਤੇ ਗ੍ਰਾਮੀਣ ਉਦਯੋਗ ਕਮਿਸ਼ਨਰ ਅਧਿਕਾਰ ਖੇਤਰ ਹੇਠ ਆਉਂਦੇ ਹੇਠ ਲਿਖਤ ਉਦਯੋਗ ਗ੍ਰਾਮੀਣ ਉਦਯੋਗ/ਸਕੀਮਾਂ ਨੂੰ 7 ਮੁੱਖ ਸ਼੍ਰੇਣੀਆਂ ਵਿਚ ਸ਼੍ਰੇਣੀ ਬੱਧ ਕੀਤਾ ਗਿਆ ਹੈ:-

**ਪਹਿਲੀ ਸ਼੍ਰੇਣੀ- ਖਣਿਜ ਅਧਾਰਤ ਉਦਯੋਗ**

1. ਕੁਟੀਰ ਕੁੰਭਕਾਰੀ ਉਦਯੋਗ, 2. ਚੂਨਾ ਪੱਥਰ, ਚੂਨਾ ਸਿੱਪੀ ਅਤੇ ਚੂਨੇ ਤੋਂ ਬਣਨ ਵਾਲੀਆਂ ਦੂਸਰੀਆਂ ਵਸਤਾਂ ਦਾ ਉਦਯੋਗ, 3. ਪੱਥਰ ਕੱਟਣ, ਕਰੱਸ਼ ਕਰਨ ਅਤੇ ਨੱਕਾਸ਼ੀ ਅਤੇ ਖੁਦਾਈ ਦਾ ਉਦਯੋਗ, 4. ਪੱਥਰ ਤੋਂ ਤਿਆਰ ਹੋਣ ਵਾਲੇ ਵਰਤੋਂ ਦੇ ਬਰਤਨ, 5. ਸਲੇਟ ਤੇ ਸਲੇਟੀਆਂ ਬਣਾਉਣ ਦਾ ਉਦਯੋਗ, 6. ਪੈਰਸ ਪਲਾਸਟਰ ਬਣਾਉਣਾ, 7. ਬਰਤਨ ਸਾਫ਼ ਕਰਨ ਵਾਲਾ ਪਾਊਡਰ ਬਣਾਉਣਾ, 8. ਬਾਲਣ ਵਾਲਾ ਕੋਲਾ-ਚੂਨਾ ਤਿਆਰ ਕਰਨਾ, 9. ਸੋਨੇ, ਚਾਂਦੀ, ਸ਼ੈਲ ਅਤੇ ਬਣਾਉਟੀ ਪਦਾਰਥਾਂ ਤੋਂ ਗਹਿਣੇ ਬਣਾਉਣਾ, 10. ਗੁਲਾਲ, ਰੰਗੋਲੀ ਬਣਾਉਣਾ, 11. ਚੂੜੀਆਂ ਕੰਗਣ ਬਣਾਉਣਾ, 12. ਵਾਰਨਿਸ਼, ਡਿਸਟੈਂਪਰ, ਪੇਂਟ ਅਤੇ ਰੰਗ ਪਦਾਰਥ ਤਿਆਰ ਕਰਨਾ, 13. ਗਲਾਸ ਤੇ ਖਿਡੌਣੇ, 14. ਗਲਾਸ ਕਟਿੰਗ, ਡਿਜ਼ਾਇਨਿੰਗ ਅਤੇ ਪੋਲਸ਼ਿੰਗ, 15. ਹੀਰਾ ਕਟਿੰਗ।

**ਦੂਜੀ ਸ਼੍ਰੇਣੀ- ਜੰਗਲਾਤ ਅਧਾਰਤ ਉਦਯੋਗ**

16. ਹੱਥ ਨਾਲ ਕਾਗਜ਼ ਤਿਆਰ ਕਰਨਾ, 17. ਕੱਥਾ ਬਣਾਉਣਾ, 18. ਗੂੰਦ ਅਤੇ ਬਰੋਜ਼ਾ ਬਣਾਉਣਾ, 19. ਲਾਖ ਬਣਾਉਣਾ, 20. ਮਾਚਸ ਬਣਾਉਣਾ, ਪਟਾਖੇ ਤੇ ਅਗਰਬੱਤੀ ਕੁਟੀਰ ਉਦਯੋਗ, 21. ਕੇਨ ਅਤੇ ਬਾਂਸ ਦਾ ਕੰਮ, 22. ਕਾਗਜ਼ ਦੇ ਕੱਪ, ਪਲੇਟਾਂ, ਬੈਗ ਅਤੇ ਦੂਸਰੇ ਕਾਗਜ਼ ਦੇ ਡੂਨੇ (ਕਨਟੇਨਰ ਬਣਾਉਣ), 23. ਅਭਿਆਸ ਪੁਸਤਕਾਵਾਂ, ਲਿਫ਼ਾਫੇ, ਰਜਿਸਟਰ ਅਤੇ ਕਾਗਜ਼ ਦੀ ਹੋਰ ਲਿਖਣ ਸਮੱਗਰੀ (ਸਟੇਸ਼ਨਰੀ) ਤਿਆਰ ਕਰਨਾ, 24. ਝਾੜੂ ਤੇ ਖਸ ਦੇ ਟਾਟ ਆਦਿ ਬਣਾਉਣਾ, 25. ਜੰਗਲ ਦੀਆਂ ਵਸਤਾਂ ਨੂੰ ਇਕੱਠਾ ਕਰਨਾ, ਉਨ੍ਹਾਂ ਨੂੰ ਪੈਕ ਕਰਨਾ ਤੇ ਉਨ੍ਹਾਂ ਵਿਚੋਂ ਹਰ ਵਸਤਾਂ ਤਿਆਰ ਕਰਨਾ (ਪਰੋਸੈਸਿੰਗ), 26. ਫੋਟੋਆਂ ਦੇ ਫਰੇਮਾਂ ਦਾ ਕੰਮ, 27. ਜੂਟ ਦੀਆਂ ਵਸਤਾਂ ਤਿਆਰ ਕਰਨਾ, (ਰੇਸ਼ਾਂ ਉਦਯੋਗ ਮਸ਼ੀਨ)।

**ਤੀਸਰੀ ਸ਼੍ਰੇਣੀ- ਜ਼ਰਾਇਤ ਅਧਾਰਿਤ ਅਤੇ ਖਾਦ ਪਦਾਰਥ**

28. ਦਾਲਾਂ, ਅਨਾਜ, ਮਸਾਲਾ ਅਤੇ ਮੰਡੀਕਰਣ ਦਾ ਕੰਮ, 29. ਨੂਡਲ ਬਣਾਉਣਾ, 30. ਪਾਵਰ ਆਟਾ ਚੱਕੀ, 31. ਦਲੀਆ ਬਣਾਉਣਾ, 32. ਮਿੰਨੀ ਰਾਈਸ ਸ਼ੈਲਰ, 33. ਖਜੂਰੀ ਗੁੜ ਤੇ ਖਜੂਰ ਦੀਆਂ ਵਸਤਾਂ ਤਿਆਰ ਕਰਨ ਦਾ ਉਦਯੋਗ, 34. ਖੰਡਸਾਰੀ ਅਤੇ ਗੰਨੇ ਤੋਂ ਗੁੜ ਬਣਾਉਣਾ, 35. ਭਾਰਤੀ ਮਿਠਾਈਆਂ ਬਣਾਉਣਾ, 36. ਰਸਵੰਤੀ- ਗੰਨੇ ਤੋਂ ਗੁੜ ਬਣਾਉਣਾ, 37. ਮਧੂ ਮੱਖੀ ਪਾਲਣਾ, 38. ਅਚਾਰ ਸਮੇਤ ਫਲਾਂ ਤੇ ਸਬਜ਼ੀਆਂ ਦੀ ਸੰਭਾਲ, ਪਰੋਸੈਸਿੰਗ ਅਤੇ ਡੱਬਾ ਬੰਦੀ ਦਾ ਕੰਮ, 39. ਤੇਲ ਘਾਣੀ ਉਦਯੋਗ, 40. ਮੈਂਥੋਲ ਆਇਲ, 41. ਨਾਰੀਅਲ ਰੇਸ਼ੇ ਬਿਨ੍ਹਾਂ ਰੇਸ਼ੇ ਤੋਂ ਵਸਤਾਂ ਤਿਆਰ ਕਰਨਾ, 42. ਡਾਕਟਰੀ ਮੰਤਵਾਂ ਲਈ ਜੰਗਲੀ ਪੌਦਿਆਂ ਅਤੇ ਫਲਾਂ ਦਾ ਇਕੱਤਰੀਕਰਣ, 43. ਰੌਂਗੀ ਤੇ ਮੱਕੀ ਦੀ ਪਰੋਸੈਸਿੰਗ, 44. ਚਟਾਈਆਂ ਅਤੇ ਹਾਰ ਆਦਿ ਬਣਾਉਣਾ, 45. ਕਾਜੂ ਬਿਰਖ ਪਰੋਸੈਸਿੰਗ, 46. ਪੱਤਿਆਂ ਤੋਂ ਕੱਪ ਬਣਾਉਣਾ, 47. ਦੁੱਧ ਦੀਆਂ ਵਸਤਾਂ ਬਣਾਉਣਾ, 48. ਪੋਲਟਰੀ ਅਤੇ ਕੈਟਲ ਫੀਡ ਬਣਾਉਣਾ।

**ਚੌਥੀ ਸ਼੍ਰੇਣੀ- ਬਹੁਲਿਕ ਅਤੇ ਰਸਾਇਣ ਅਧਾਰਤ ਉਦਯੋਗ**

49. ਚਮੜਾ ਉਦਯੋਗ (ਲਾਹੁਣਾ, ਰੰਗਣਾ ਆਦਿ ਅਤੇ ਸਬੰਧਤ ਉਦਯੋਗ), 50. ਸਾਬਣ ਕੁਟੀਰ

ਉਦਯੋਗ, 51. ਰਬੜ ਉਦਯੋਗ, 52. ਰੇਕਸੀਅਨ ਤੋਂ ਵਸਤਾਂ ਤਿਆਰ ਕਰਨਾ, 53. ਸਿੰਗ ਅਤੇ ਹੱਡੀਆਂ (ਹਾਥੀ ਦੰਦ ਸਮੇਤ) ਤੋਂ ਚੀਜ਼ਾਂ ਬਣਾਉਣਾ, 54. ਮੋਮਬੱਤੀਆਂ, ਮੁਸ਼ਕ ਕਪੂਰ ਅਤੇ ਲਾਖ ਬਣਾਉਣਾ, 55. ਪੈਕ ਕਰਨ ਲਈ ਪਲਾਸਟਿਕ ਦੀਆਂ ਵਸਤਾਂ ਬਣਾਉਣਾ, 56. ਬਿੰਦੀ ਬਣਾਉਣਾ, 57. ਮਹਿੰਦੀ ਬਣਾਉਣਾ, 58. ਜ਼ਰੂਰੀ ਤੇਲ ਤਿਆਰ ਕਰਨੇ, 59. ਸ਼ੈਂਪੂ ਬਣਾਉਣਾ, 60. ਵਾਲਾਂ ਲਈ ਤੇਲ ਬਣਾਉਣਾ, 61. ਬਰਤਨ ਤੇ ਕੱਪੜੇ ਧੋਣ ਦਾ ਪਾਊਡਰ ਬਣਾਉਣਾ।

**ਪੰਜਵੀਂ ਸ਼੍ਰੇਣੀ - ਇੰਜੀਨਿਅਰਿੰਗ ਅਤੇ ਗੈਰ ਰਵਾਇਤੀ ਊਰਜਾ**

62. ਤਰਖਾਣਾ ਕੰਮ, 63. ਲੋਹਾਰਾ ਕੰਮ, 64. ਐਲੂਮੀਨੀਅਮ ਦੇ ਬਰਤਨ ਬਣਾਉਣਾ, 65. ਵਿਅਰਥ ਚੀਜਾਂ ਤੋਂ ਰੂੜੀ ਤੇ ਗੋਬਰ ਤੋਂ ਗੈਸ ਤਿਆਰ ਕਰਨਾ ਤੇ ਵਰਤਣਾ, 66. ਵਰਮੀ ਕਲਚਰ ਅਤੇ ਵੇਸਟ ਡਿਸਪੋਜਲ, 67. ਸਟੋਵ ਪਿੰਨ, ਬਸਕੁਏ, ਕਲਿਪ, ਪੇਪਰ ਪਿੰਨ ਤਿਆਰ ਕਰਨਾ, 68. ਸਜਾਵਟੀ ਬਲੱਬ, ਗਲਾਸ ਅਤੇ ਬੋਤਲਾਂ ਆਦਿ ਬਣਾਉਣਾ, 69. ਛੱਤਰੀਆਂ ਬਣਾਉਣਾ, 70. ਸੂਰਜ ਤੇ ਹਵਾ ਤੋਂ ਊਰਜਾ ਪੈਦਾ ਕਰਕੇ ਔਜ਼ਾਰ ਤਿਆਰ ਕਰਨੇ, 71. ਹੱਥ ਨਾਲ ਪਿੱਤਲ ਤੇ ਬਰਤਨ ਬਣਾਉਣਾ, 72. ਹੱਥ ਨਾਲ ਤਾਂਬੇ ਦੇ ਬਰਤਨ ਬਣਾਉਣਾ, 73. ਕਾਂਸੀ-ਧਾਤ ਦੇ ਬਰਤਨ ਬਣਾਉਣਾ, 74. ਪਿੱਤਲ, ਤਾਂਬੇ ਅਤੇ ਕਾਂਸੀ ਧਾਤ ਦੀਆਂ ਵਸਤਾਂ ਬਣਾਉਣਾ, 75. ਰੇਡੀਓ ਬਣਾਉਣਾ, 76. ਰੇਡੀਓ ਵਾਲੀ ਜਾਂ ਰੇਡੀਓ ਵਗੈਰ ਕੈਸਟ ਪਲੇਅਰ ਬਣਾਉਣਾ, 77. ਰੇਡੀਓ ਬਿਨਾਂ ਜਾਂ ਸਹਿਤ ਕੈਸਟ ਰਿਕਾਰਡਰ ਬਣਾਉਣਾ, 78. ਵੋਲਟੇਜ਼ ਸਟੈਬਲਾਈਜ਼ਰ ਬਣਾਉਣਾ, 79. ਬਿਜਲੀ ਦੇ ਕਲਾਕ ਤੇ ਟਾਈਮਪੀਸ ਬਣਾਉਣਾ, 80. ਕਲਾਤਮਿਕ ਫਰਨੀਚਰ ਤੇ ਉਕੱਰੀ ਲੱਕੜ ਦਾ ਕੰਮ ਕਰਨਾ, 81. ਟੀਨ ਤੋਂ ਵਸਤਾਂ ਬਣਾਉਣਾ, 82. ਮੋਟਰ ਵਾਈਡਿੰਗ, 83. ਵਾਇਰਨੈਟ ਬਣਾਉਣੇ, 84. ਲੋਹੇ ਦੇ ਗਰਿੱਲ ਬਣਾਉਣਾ, 85. ਬਲਦਾਂ ਨਾਲ ਚੱਲਣ ਵਾਲੇ ਜਾਂ ਹੱਥ ਨਾਲ ਚੱਲਣ ਵਾਲੇ ਗੱਡੇ, ਛੋਟੀਆਂ ਕਿਸ਼ਤੀਆਂ, ਸਾਈਕਲਾਂ ਰਿਕਸ਼ਾ, ਮੋਟਰ ਨਾਲ ਚੱਲਣ ਵਾਲੇ ਰੇੜ੍ਹੇ ਆਦਿ ਬਣਾਉਣਾ ਤੇ ਤਿਆਰ ਕਰਨਾ, 86. ਸੰਗੀਤ ਦੇ ਸਾਜ਼ ਬਣਾਉਣਾ।

**ਛੇਵੀਂ ਸ਼੍ਰੇਣੀ- ਕਪੜਾ ਉਦਯੋਗ (ਖਾਦੀ ਨੂੰ ਛੱਡ ਕੇ)**

87. ਪੋਲੀ ਵਸਤਰ, ਇਸ ਦਾ ਅਰਥ ਹੈ ਭਾਰਤ ਵਿਚ ਹੱਥ ਖੱਡੀ ਤੋਂ ਬੁਣਿਆ, ਭਾਰਤ ਵਿਚ ਹੱਥ ਨਾਲ ਬੁਣਿਆ ਧਾਗਾ ਜੋ ਰੇਸ਼ਮ, ਉਨ ਜਾਂ ਦੋਨਾਂ ਜਾਂ ਸਭਨਾਂ ਤੋਂ ਤਿਆਰ ਹੋਵੇ ਜਾਂ ਭਾਰਤ ਵਿਚ ਹੱਥ ਨਾਲ ਬੁਣੇ ਕਪਾਹ, ਉਨ ਦੇ ਧਾਗੇ ਤੋਂ ਮਨੁੱਖ ਦੁਆਰਾ ਬਣਾਏ ਮਿਸ਼ਰਣ ਜਾਂ ਸਭ ਦੇ ਮਿਸ਼ਰਣ ਤੋਂ ਤਿਆਰ ਧਾਗੇ ਤੋਂ ਬੁਣਿਆ ਕੱਪੜਾ, 88. ਲੋਕ ਵਸਤਰ ਕੱਪੜਾ ਤਿਆਰ ਕਰਨਾ, 89. ਜਰਾਬਾਂ ਬਣਾਉਣ, 90. ਕਟਾਈ ਤੇ ਬਣੇ ਬਣਾਏ ਕੱਪੜੇ ਤਿਆਰ ਕਰਨਾ, 91. ਬਾਟੀਕ (ਕੱਪੜਿਆਂ ਨੂੰ ਠੋਕਣ ਦੀ ਕਲਾ) ਦਾ ਕੰਮ, 92. ਖਿਡੌਣੇ ਤੇ ਗੁੱਡੀਆਂ (ਡੌਲ) ਬਣਾਉਣਾ, 93. ਧਾਗੇ ਦਾ ਗੋਲਾ ਤੇ ਉਨ ਦਾ ਗੋਲਾ ਤਿਆਰ ਕਰਨਾ ਤੇ ਲੱਛੇ ਬਣਾਉਣਾ, 94. ਕਢਾਈ ਦਾ ਕੰਮ, 95. ਬੈਂਡੇਜ਼ (ਚਕਿੱਤਸਾ) ਤਿਆਰ ਕਰਨੇ, 96. ਸਟੋਵ ਦੀਆਂ ਬੱਤੀਆਂ ਬਣਾਉਣਾ।

**ਸੱਤਵੀਂ ਸ਼੍ਰੇਣੀ- ਸੇਵਾ ਉਦਯੋਗ**

97. ਲਾਂਡਰੀ, 98. ਨਾਈ ਦਾ ਕੰਮ, 99. ਨਾਲ ਸਾਜ਼ੀ, 100. ਬਿਜਲੀ ਦੀਆਂ ਤਾਰਾਂ ਅਤੇ ਬਿਜਲੀ ਦੇ ਘਰੇਲੂ ਸਾਜ਼ ਸਮਾਨ ਤੇ ਵਰਤੋਂ ਦੀਆਂ ਵਸਤਾਂ ਦੀ ਮੁਰੰਮਤ ਦਾ ਕੰਮ, 101. ਡੀਜ਼ਲ ਇੰਜਨਾਂ ਤੇ ਪੰਪ ਸੈਟਾਂ ਦੀ ਮੁਰੰਮਤ ਦਾ ਕੰਮ, 102. ਟਾਇਰ ਵੈਲਕਨਾਈਜ਼ਿੰਗ ਦਾ ਕੰਮ, 103. ਖੇਤੀਬਾੜੀ ਦੇ ਪੰਪ, ਦਵਾਈਆਂ ਅਤੇ ਸਪਰੇਅਰਜ਼, 104. ਲਾਊਡ ਸਪੀਕਰ ਅਤੇ ਮਾਈਕ ਆਦਿ ਕਿਰਾਏ ਤੇ ਦੇਣਾ, 105. ਬੈਟਰੀ ਚਾਰਜ ਕਰਨਾ, 106. ਕਲਾਤਮਿਕ ਬੋਰਡ ਪੇਂਟਿੰਗ, 107. ਸਾਈਕਲ ਮੁਰੰਮਤ, 108. ਰਾਜਗੀਰੀ, 109. ਬੈਂਡ ਟਰੂਪ, 110. ਮੋਟਰ ਬੋਟ (ਕੇਵਲ ਗੋਵਾ ਲਈ), 111. ਮੋਟਰ ਸਾਈਕਲ ਟੈਕਸੀ ਲਈ (ਕੇਵਲ ਗੋਵਾ ਲਈ), 112. ਮਿਊਜ਼ਿਕਲ ਸਾਜ਼ (ਕੇਵਲ ਗੋਵਾ ਲਈ), 113. ਢਾਬਾ, 114. ਟੀ-ਸਟਾਲ, 115. ਆਇਓਡੀਨ ਨਮਕ।

**ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ**

ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦਾ ਉਦੇਸ਼ ਨੌਜਵਾਨਾਂ ਨੂੰ ਆਰਥਿਕ ਮੱਦਦ ਦੇ ਕੇ ਦਸਤਕਾਰੀ ਅਤੇ ਛੋਟੇ ਉਦਯੋਗ ਦਾ ਵਿਕਾਸ ਕਰਨਾ ਹੈ। ਜ਼ਿਲ੍ਹਾ ਪੱਧਰ ਦਾ ਦਫ਼ਤਰ ਫਗਵਾੜਾ ਰੋਡ, ਡੋਗਰਾ ਮਾਰਕੀਟ ਵਿਖੇ ਸਥਿਤ ਹੈ। ਇਸ ਦਾ ਮੁੱਖੀ ਡੀ.ਵੀ.ਆਈ.ਓ. (ਡਿਸਟ੍ਰਿਕਟ ਵਿਲੇਜ ਇੰਡਸਟਰੀਜ਼ ਆਫੀਸਰ) ਹੁੰਦਾ ਹੈ ਅਤੇ ਸਹਾਇਕ ਦੇ ਤੌਰ ਤੇ ਇਕ ਸੀਨੀਅਰ ਸਹਾਇਕ ਅਤੇ ਗੁਡ-ਗਾਇਡ ਹੈ।

ਇਸ ਦਫ਼ਤਰ ਵਿਚ ਇਸ ਵੇਲੇ ਉਪਰੋਕਤ ਉਦੇਸ਼ ਦੀ ਪ੍ਰਾਪਤੀ ਵਾਸਤੇ ਕੇਵਲ ਇਕੋ ਹੀ ਸਕੀਮ ਚਲ ਰਹੀ ਹੈ ਜੋ ਕਿ ਮਾਰਜਨ ਮਨੀ ਹੈ, ਜਿਸ ਦਾ ਵੇਰਵਾ ਹੇਠ ਲਿਖਤ ਹੈ:-

1. **ਕਰਜ਼ੇ ਦੀ ਰਕਮ**

   1. ਵਿਅਕਤੀਗਤ ਕਰਜ਼ਾ 25 ਲੱਖ ਤੱਕ
   2. ਸੰਮਤੀ ਸੋਸਾਇਟੀ ਵਾਸਤੇ ਕਰਜ਼ਾ 25 ਲੱਖ ਤੱਕ

   ਇਹ ਕਰਜ਼ਾ ਕੌਮੀ ਕਿਰਤ ਜਾਂ ਨੈਸ਼ਨਲਾਈਜ਼ਡ ਬੈਂਕਾਂ ਅਤੇ ਕੋਆਪਰੇਟਿਵ ਬੈਂਕਾਂ ਰਾਹੀਂ ਦਿਵਾਇਆ ਜਾਂਦਾ ਹੈ।

2. **ਸਬਸਿਡੀ**

   1. ਐਸ.ਸੀ. ਅਪਾਹਜ, ਸਾਬਕਾ ਸਰਵਿਸ ਮੈਨ, ਔਰਤਾਂ ਬਾਡਰ ਏਰੀਆ ਅਤੇ ਘੱਟ ਗਿਣਤੀ ਨੂੰ 30% ਅਤੇ ਬਾਕੀ ਸਭ ਨੂੰ 25% ਸਬਸਿਡੀ ।
   2. 10 ਲੱਖ ਤੱਕ ਦੇ ਕਰਜ਼ੇ ਉਤੇ 25-30% ਅਤੇ 10 ਲੱਖ ਰੁਪਏ ਤੋਂ ਵਧੇਰੇ ਕਰਜ਼ੇ ਤੇ 10% ਸਬਸਿਡੀ। ਇਹ ਸਬਸਿਡੀ ਮੁੱਖ ਦਫ਼ਤਰ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ, ਐਸ.ਸੀ.ਓ. ਨੰ. 2429-30, ਸੈਕਟਰ 22-ਸੀ, ਚੰਡੀਗੜ੍ਹ ਰਾਹੀਂ ਪ੍ਰਵਾਨਗੀ ਉਪਰੰਤ ਦਿੱਤੀ ਜਾਂਦੀ ਹੈ। ਸਬਸਿਡੀ ਮਿਆਦੀ ਜਮ੍ਹਾਂ ਪੂੰਜੀ ਭਾਵ ਐਫ.ਡੀ. ਦੇ ਰੂਪ ਵਿਚ ਜੋ ਦੋ ਸਾਲ ਦੀ ਕਰਜ਼ਦਾਰ ਦੇ ਨਾਮ ਦੀ ਬਣੇਗੀ, ਦਿੱਤੀ ਜਾਂਦੀ ਹੈ।

3. **ਕਰਜ਼ਾ ਲੈਣ ਵਾਸਤੇ ਸ਼ਰਤਾਂ**

   1. ਬਿਨੈ ਪੱਤਰ ਫਾਰਮ (ਜੋ ਬੋਰਡ ਦੇ ਦਫਤਰ ਤੋਂ ਮਿਲੇਗਾ)
   2. 3 ਫੋਟੋ ਪਾਸਪੋਰਟ ਸਾਈਜ਼
   3. ਤਜ਼ਰਬਾ ਸਰਟੀਫਿਕੇਟ (ਜੇ ਕੋਈ ਹੋਵੇ)
   4. ਕੰਮ ਕਰਨ ਵਾਲੀ ਜਗ੍ਹਾ ਦਾ ਸਬੂਤ (ਮਾਲਕੀ, ਲੀਜ਼ ਜਾਂ ਕਿਰਾਏਨਾਮਾ)
   5. ਰਾਸ਼ਨ ਕਾਰਡ/ਸ਼ਨਾਖਤੀ ਕਾਰਡ/ਵੋਟਰ ਕਾਰਡ ਆਦਿ ਨਿੱਜੀ ਸਬੂਤ
   6. ਐਸ.ਸੀ., ਅਪਾਹਜ, ਸਾਬਕਾ ਸਰਵਿਸ ਮੈਨ ਆਦਿ ਹੋਵੇ ਤਾਂ ਉਸ ਦਾ ਸਬੂਤ

4. **ਕੰਮਾਂ ਦਾ ਵੇਰਵਾ**

   ਇਹ ਦਫ਼ਤਰ ਹੇਠ ਲਿਖੇ ਦਸਤਕਾਰੀ ਛੋਟੇ ਉਦਯੋਗਾਂ ਲਈ ਕਰਜ਼ਾ ਦਿਵਾਉਣ ਵਿਚ ਮਦਦਗਾਰ ਹੁੰਦਾ ਹੈ।

   1. ਚਮੜੇ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ
   2. ਲੋਹੇ ਤੇ ਲੱਕੜ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ
   3. ਦੁੱਧ ਦੀਆਂ ਵਸਤਾਂ ਬਨਾਉਣਾ
   4. ਭੱਠਾ (ਪੱਕੀਆਂ ਇੱਟਾਂ ਬਨਾਉਣ ਦਾ ਕੰਮ)
   5. ਮਿੰਨੀ ਰਾਇਸ ਸ਼ੈਲਰ, ਆਟਾ ਚੱਕੀ, ਬੇਕਰੀ, ਮਸਾਲਾ ਪੀਸਣਾ
   6. ਮਿੱਟੀ ਦੇ ਬਰਤਨ ਬਣਾਉਣਾ (ਘੁਮਿਆਰ)
      ਚੂਨਾ, ਪੱਥਰ ਕੱਟਣਾ, ਜਾਲੀਆਂ ਆਦਿ ਬਨਾਉਣ ਦਾ ਕੰਮ
   7. ਮਧੂ ਮੱਖੀ ਪਾਲਣਾ
   8. ਨਾਈ, ਹਲਵਾਈ, ਦਰਜੀ, ਬਿਊਟੀ ਪਾਰਲਰ ਚਲਾਉਣਾ
   9. ਵਰਕਸ਼ਾਪ, ਇੰਜਨ, ਟਰੈਕਟਰ, ਮੋਟਰ ਗੱਡੀਆਂ ਦੀ ਮੁਰੰਮਤ
   10. ਬਿਜਲੀ ਰਿਪੇਅਰ, ਟੀ.ਵੀ. ਰਿਪੇਅਰ, ਇਲੈਕਟ੍ਰੋਨਿਕਸ ਸਾਜ਼ ਸਮਾਨ ਦੀ ਮੁਰੰਮਤ

11. ਅਚਾਰ, ਮੁਰੱਬੇ, ਚਟਨੀ, ਸਕਵੈਸ਼ ਆਦਿ ਤਿਆਰ ਕਰਨਾ

12. ਪਲੰਬਰ, ਟੋਕਰੀਆਂ ਬਨਾਉਣਾ

13. ਸਾਈਕਲ ਰਿਪੇਅਰ

14. ਪਾਪੜ ਵੜੀਆਂ ਆਦਿ ਘਰੇਲੂ ਉਦਯੋਗ ਲਗਾਉਣਾ

ਸਮੇਂ-ਸਮੇਂ ਸਿਰ ਸਰਕਾਰ ਵਲੋਂ ਬੋਰਡ ਰਾਹੀਂ ਤਰ੍ਹਾਂ-ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਦਾ ਵੇਰਵਾ ਦਰਖਾਸਤ ਫਾਰਮ ਅਤੇ ਮੁਕੰਮਲ ਜਾਣਕਾਰੀ ਦਫ਼ਤਰ ਵਲੋਂ ਕੰਮ ਵਾਲੇ ਦਿਨ ਕਿਸੇ ਵੀ ਸਮੇਂ ਹਾਸਲ ਕੀਤੀ ਜਾ ਸਕਦੀ ਹੈ।